# Punjab Government Gazette

## EXTRAORDINARY

*Published by Authority*

CHANDIGARH, WEDNESDAY, DECEMBER 31, 2025
(PAUSA 10, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ **I** | **ਐਕਟ** | |
| | ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀ ਸ਼੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਣ) ਐਕਟ, 2006 (2006 ਦਾ ਪੰਜਾਬ ਐਕਟ ਨੰ. 22) | ... 817-822 |
| ਭਾਗ **II** | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ **III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ **IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ-I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 30 ਦਸੰਬਰ, 2025

ਨੰ: 67/ਭ.ਕ./2025.- ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀ ਸ੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਣ) ਐਕਟ, 2006 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 30th December, 2025

**No. 67/L.C./2025.**- The Translation in Punjabi of the Punjab Scheduled Castes and Backward Classes (Reservation in Services) Act, 2006 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀ ਸ੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਣ) ਐਕਟ, 2006

(2006 ਦਾ ਪੰਜਾਬ ਐਕਟ ਨੰ: 22)

ਅਨੁਸੂਚਿਤ ਜਾਤੀਆਂ ਅਤੇ ਪੱਛੜੀ ਸ੍ਰੇਣੀਆਂ ਦੇ ਮੈਂਬਰਾਂ ਲਈ ਸੇਵਾਵਾਂ ਵਿੱਚ ਰਾਖਵਾਂਕਰਣ ਅਤੇ ਇਸ ਨਾਲ ਸਬੰਧਤ ਜਾਂ ਇਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਅਤੇ ਪੱਛੜੀ ਸ੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਣ) ਐਕਟ, 2006 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰਵੇਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਨਿਯੁਕਤੀ" ਦਾ ਮਤਲਬ ਹੈ ਸਿੱਧੀ ਭਰਤੀ ਰਾਹੀਂ, ਤਰੱਕੀ ਰਾਹੀਂ ਜਾਂ ਭਾਰਤ ਸਰਕਾਰ ਜਾਂ ਰਾਜ ਸਰਕਾਰ ਦੀ ਪਹਿਲਾਂ ਤੋਂ ਹੀ ਸੇਵਾ ਵਿੱਚ ਵਿਅਕਤੀ ਦੀ ਤਬਾਦਲੇ ਰਾਹੀਂ ਕੀਤੀ ਗਈ ਨਿਯੁਕਤੀ;

(ਅ) "ਪੱਛੜੀ ਸ਼੍ਰੇਣੀ" ਦਾ ਮਤਲਬ ਹੈ ਇੱਕ ਪੱਛੜੀ ਸ਼੍ਰੇਣੀ, ਜਿਸ ਨੂੰ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਅਜਿਹੇ ਤੌਰ ਤੇ ਐਲਾਨਿਆ ਗਿਆ ਹੈ;

(ੲ) "ਅਦਾਰੇ" ਦਾ ਮਤਲਬ ਹੈ ਤੱਤ ਸਮੇਂ ਨਾਫ਼ਜ਼ ਕਿਸੇ ਰਾਜ ਕਾਨੂੰਨ ਅਧੀਨ ਗਠਤ ਰਾਜ ਸਰਕਾਰ, ਸਥਾਨਕ ਅਥਾਰਟੀ ਜਾਂ ਪ੍ਰਵਿਧਾਨਕ ਅਥਾਰਟੀ ਦਾ ਦਫ਼ਤਰ ਜਾਂ ਇੱਕ ਬੋਰਡ ਜਾਂ ਨਿਗਮ, ਜਿਸ ਵਿੱਚ ਪੰਜਾਬ ਰਾਜ ਦੀ ਸਰਕਾਰ ਦੁਆਰਾ ਪੂੰਜੀ ਦੇ ਅਦਾ ਕੀਤੇ ਹਿੱਸੇ ਦਾ ਘੱਟੋ-ਘੱਟ ਇਕਵੰਜਾ ਪ੍ਰਤੀਸ਼ਤ ਹਿੱਸਾ ਰੱਖਿਆ ਜਾਂਦਾ ਹੈ ਅਤੇ ਇਸ ਵਿੱਚ ਯੂਨੀਵਰਸਿਟੀ ਜਾਂ ਯੂਨੀਵਰਸਿਟੀ ਨਾਲ ਸਬੰਧੱਤ ਕਾਲਜ, ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਅਤੇ ਹੋਰ ਵਿੱਦਿਅਕ ਸੰਸਥਾਵਾਂ ਸ਼ਾਮਲ ਹਨ, ਜੋ ਰਾਜ ਸਰਕਾਰ ਦੀ ਮਲਕੀਅਤ ਹਨ ਅਤੇ ਇਸ ਵਿੱਚ ਜਨਤਕ ਖੇਤਰ ਵਿੱਚ ਇੱਕ ਅਦਾਰਾ ਵੀ ਸ਼ਾਮਲ ਹੈ;

(ਸ) "ਜਨਤਕ ਖੇਤਰ ਦਾ ਅਦਾਰਾ" ਦਾ ਮਤਲਬ ਹੈ ਕੋਈ ਉਦਯੋਗ, ਵਪਾਰ, ਕਾਰੋਬਾਰ ਜਾਂ ਕਿੱਤਾ ਜਿਸ ਦੀ ਮਾਲਕੀ, ਕੰਟਰੋਲ ਜਾਂ ਪ੍ਰਬੰਧਨ,-

(i) ਰਾਜ ਸਰਕਾਰ; ਅਤੇ

(ii) ਕੰਪਨੀ ਐਕਟ, 1956 ਦੀ ਧਾਰਾ 617 ਵਿੱਚ ਪਰਿਭਾਸ਼ਤ ਸਰਕਾਰੀ ਕੰਪਨੀ, ਜਿਸ ਵਿੱਚ ਅਦਾ ਕੀਤੀ ਗਈ ਹਿੱਸਾ ਪੂੰਜੀ ਦਾ ਘੱਟੋ ਘੱਟ ਇਕਵੰਜਾ ਪ੍ਰਤੀਸ਼ਤ ਪੰਜਾਬ ਰਾਜ ਦੀ ਸਰਕਾਰ ਦੁਆਰਾ ਰੱਖਿਆ ਗਿਆ ਹੋਵੇ,

ਦੁਆਰਾ ਕੀਤਾ ਜਾਂਦਾ ਹੈ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਕ) "ਅਨੁਸੂਚਿਤ ਜਾਤੀਆਂ" ਦਾ ਮਤਲਬ ਹੈ ਸੰਵਿਧਾਨ (ਅਨੁਸੂਚਿਤ ਜਾਤੀਆਂ) ਹੁਕਮ, 1950 ਜਿਵੇਂ ਸਮੇਂ ਸਮੇਂ ਤੇ ਸੋਧਿਆ ਗਿਆ ਹੋਵੇ ਦੁਆਰਾ ਭਾਰਤ ਦੇ ਸੰਵਿਧਾਨ ਦੇ ਅਨੁਛੇਦ 341 ਅਧੀਨ ਭਾਰਤ ਦੇ ਰਾਸ਼ਟਰਪਤੀ ਦੁਆਰਾ ਅਧਿਸੂਚਿਤ, ਅਨੁਸੂਚਿਤ ਜਾਤੀਆਂ;

(ਖ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ; ਅਤੇ

(ਗ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦਾ ਭਲਾਈ ਵਿਭਾਗ।

ਕੁੱਝ ਕੁ ਰੋਜ਼ਗਾਰਾਂ ਦੇ ਸਬੰਧ ਵਿੱਚ ਐਕਟ ਦਾ ਲਾਗੂ ਨਾ ਹੋਣਾ।

3. ਇਹ ਐਕਟ,-

(ੳ) ਕੇਂਦਰ ਸਰਕਾਰ ਦੇ ਅਧੀਨ ਕਿਸੇ ਰੋਜ਼ਗਾਰ;

(ਅ) ਪ੍ਰਾਈਵੇਟ ਖੇਤਰ ਵਿੱਚ ਕਿਸੇ ਰੋਜ਼ਗਾਰ; ਅਤੇ

(ੲ) ਘਰੇਲੂ ਸੇਵਾ ਵਿੱਚ ਕਿਸੇ ਰੋਜ਼ਗਾਰ,

'ਤੇ ਲਾਗੂ ਨਹੀਂ ਹੋਵੇਗਾ।

4. (1) ਕਿਸੇ ਸੇਵਾ ਨਿਯਮਾਂ ਅਧੀਨ ਉਪਬੰਧਤ ਕੀਤੇ ਕਿਸੇ ਵੀ ਤਰੀਕਿਆਂ ਨਾਲ ਸੇਵਾਵਾਂ ਵਿੱਚ ਨਿਯੁਕਤੀਆਂ ਕਰਦੇ ਸਮੇਂ, ਸਾਰੇ ਅਦਾਰਿਆਂ ਅਧੀਨ ਸੇਵਾਵਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂਕਰਣ ਕੀਤਾ ਜਾਵੇਗਾ। ਰਾਖਵੇਂਕਰਣ ਦਾ ਪ੍ਰਤੀਸ਼ਤ।

(2) ਗਰੁੱਪ 'ਏ', ਗਰੁੱਪ 'ਬੀ', ਗਰੁੱਪ 'ਸੀ' ਅਤੇ ਗਰੁੱਪ 'ਡੀ' ਸੇਵਾਵਾਂ ਵਿੱਚ ਸਿੱਧੀ ਭਰਤੀ ਰਾਹੀਂ ਜਾਂ ਤਬਾਦਲੇ ਰਾਹੀਂ ਖ਼ਾਲੀ ਆਸਾਮੀਆਂ ਨੂੰ ਭਰਨ ਲਈ ਰਾਖਵੇਂਕਰਣ ਦਾ ਪ੍ਰਤੀਸ਼ਤ ਅਨੁਸੂਚਿਤ ਜਾਤੀਆਂ ਲਈ ਪੱਚੀ ਪ੍ਰਤੀਸ਼ਤ ਅਤੇ ਪੱਛੜੀਆਂ ਸ੍ਰੇਣੀਆਂ ਲਈ ਬਾਰ੍ਹਾਂ ਪ੍ਰਤੀਸ਼ਤ ਹੋਵੇਗਾ।

(3) ਗਰੁੱਪ 'ਏ' ਅਤੇ ਗਰੁੱਪ 'ਬੀ' ਸੇਵਾਵਾਂ ਵਿੱਚ ਅਨੁਸੂਚਿਤ ਜਾਤੀਆਂ ਰਾਹੀਂ ਤਰੱਕੀ ਰਾਹੀਂ ਖਾਲੀ ਆਸਾਮੀਆਂ ਨੂੰ ਭਰਨ ਲਈ ਰਾਖਵੇਂਕਰਣ ਦੀ ਪ੍ਰਤੀਸ਼ਤਤਾ ਚੌਦਾਂ ਪ੍ਰਤੀਸ਼ਤ ਹੋਵੇਗੀ।

(4) ਗਰੁੱਪ 'ਸੀ' ਅਤੇ ਗਰੁੱਪ 'ਡੀ' ਸੇਵਾਵਾਂ ਵਿੱਚ ਅਨੁਸੂਚਿਤ ਜਾਤੀਆਂ ਰਾਹੀਂ ਤਰੱਕੀ ਰਾਹੀਂ ਖਾਲੀ ਆਸਾਮੀਆਂ ਨੂੰ ਭਰਨ ਲਈ ਰਾਖਵੇਂਕਰਣ ਦੀ ਪ੍ਰਤੀਸ਼ਤਤਾ ਵੀਹ ਪ੍ਰਤੀਸ਼ਤ ਹੋਵੇਗੀ।

(5) ਸਿੱਧੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵੇਂ ਕੋਟੇ ਦੀਆਂ ਪੰਜਾਹ ਪ੍ਰਤੀਸ਼ਤ ਖਾਲੀ ਆਸਾਮੀਆਂ, ਅਨੁਸੂਚਿਤ ਜਾਤੀਆਂ ਵਿੱਚੋਂ ਪਹਿਲੀ ਤਰਜੀਹ ਵਜੋਂ ਬਾਲਮੀਕੀਆਂ ਅਤੇ ਮਜ਼ਬੀ ਸਿੱਖਾਂ ਨੂੰ, ਜੇ ਉਪਲੱਬਧ ਹੋਣ, ਪੇਸ਼ਕਸ਼ ਕੀਤੀਆਂ ਜਾਣਗੀਆਂ।

(6) ਰਾਖਵਾਂਕਰਣ, ਨਿਰੰਤਰ ਰੋਸਟਰ ਦੇ ਜ਼ਰੀਏ ਖਾਲੀ ਆਸਾਮੀਆਂ ਨੂੰ ਰਾਖਵਾਂ ਕਰਕੇ, ਜਿਵੇਂ ਮੁਕੱਰਰ ਕੀਤਾ ਜਾਵੇ, ਉਦੋਂ ਤੱਕ ਪਰਿਪਾਲਣ ਕੀਤਾ ਜਾਵੇਗਾ ਜਦੋਂ ਤੱਕ ਉਪ-ਧਾਰਾਵਾਂ (2), (3) ਅਤੇ (4) ਵਿੱਚ ਉਲਿਖਤ ਕੀਤੇ ਅਨੁਸਾਰ ਰਾਖਵੇਂਕਰਣ ਦੀ ਪ੍ਰਤੀਸ਼ਤਤਾ ਪੂਰੀ ਨਹੀਂ ਹੋ ਜਾਂਦੀ।

(7) ਰਾਖਵਾਂਕਰਣ ਤਦ-ਅਰਥ ਆਧਾਰ ਤੇ, ਅਲਪ ਅਉਧ ਖਾਲੀ ਆਸਾਮੀਆਂ, ਵਰਕ ਚਾਰਜਡ ਅਮਲਾ, ਰੋਜ਼ਾਨਾ ਦਿਹਾੜੀਦਾਰ ਸਟਾਫ਼ ਅਤੇ ਠੇਕੇ ਦੇ ਆਧਾਰ ਤੇ ਲਗਾਏ ਗਏ ਸਟਾਫ਼ 'ਤੇ ਭਰੀਆਂ ਜਾਣ ਵਾਲੀਆਂ ਆਸਾਮੀਆਂ 'ਤੇ ਲਾਗੂ ਹੋਵੇਗਾ।

(8) ਰਾਖਵਾਂਕਰਣ ਪ੍ਰੋਫਾਰਮਾ ਤਰੱਕੀ ਅਤੇ ਤਬਾਦਲੇ ਦੁਆਰਾ ਨਿਯੁਕਤੀ 'ਤੇ ਵੀ ਲਾਗੂ ਹੋਵੇਗਾ।

5. (1) ਇੱਕ ਉਮੀਦਵਾਰ, ਜੋ ਅਨੁਸੂਚਿਤ ਜਾਤੀਆਂ ਦਾ ਮੈਂਬਰ ਹੋਣ ਦਾ ਦਾਅਵਾ ਕਰਦਾ ਹੈ, ਪੰਜਾਬ ਰਾਜ ਲਈ ਭਾਰਤ ਦੇ ਰਾਸ਼ਟਰਪਤੀ ਦੁਆਰਾ ਅਧਿਸੂਚਿਤ ਕੀਤੇ ਗਏ ਸੰਵਿਧਾਨ (ਅਨੁਸੂਚਿਤ ਜਾਤੀਆਂ) ਹੁਕਮ, 1950 ਅਧੀਨ ਸ਼ਨਾਖਤ ਦਾ ਸਰਟੀਫਿਕੇਟ

ਜਾਰੀ ਕੀਤੇ ਜਾਤ ਸ਼ਨਾਖਤ ਦੇ ਸਰਟੀਫਿਕੇਟ ਦੁਆਰਾ ਅਜਿਹੇ ਤੌਰ 'ਤੇ ਆਪਣੀ ਉਮੀਦਵਾਰੀ ਦਾ ਸਮਰਥਨ ਕਰੇਗਾ।

(2) ਇੱਕ ਉਮੀਦਵਾਰ, ਜੋ ਪੱਛੜੀਆਂ ਸ਼੍ਰੇਣੀਆਂ ਦਾ ਮੈਂਬਰ ਹੋਣ ਦਾ ਦਾਅਵਾ ਕਰਦਾ ਹੈ, ਉਹ ਸਮੇਂ ਸਮੇਂ ਤੇ ਰਾਜ ਸਰਕਾਰ ਦੁਆਰਾ ਇਸ ਬਾਬਤ ਜਾਰੀ ਕੀਤੀ ਗਈ ਅਧਿਸੂਚਨਾ ਅਨੁਸਾਰ ਸ਼੍ਰੇਣੀ ਸ਼ਨਾਖਤ ਦੇ ਸਰਟੀਫਿਕੇਟ ਦੁਆਰਾ ਅਜਿਹੇ ਤੌਰ 'ਤੇ ਆਪਣੀ ਉਮੀਦਵਾਰੀ ਦਾ ਸਮਰਥਨ ਕਰੇਗਾ।

ਖ਼ਾਲੀ ਆਸਾਮੀਆਂ ਦੇ ਬੈਕਲਾਗ ਨੂੰ ਅਮਲੀ ਰੂਪ ਦੇਣਾ।

6. (1) ਅਨੁਸੂਚਿਤ ਜਾਤੀਆਂ ਲਈ ਬੈਕਲਾਗ ਜਾਂ ਅੱਗੇ ਲਿਆਂਦੀਆਂ ਰਾਖਵੀਆਂ ਖਾਲੀ ਅਸਾਮੀਆਂ ਨੂੰ ਖਾਲੀ ਆਸਾਮੀਆਂ ਦੀ ਇੱਕ ਵੱਖਰੀ ਸ਼੍ਰੇਣੀ ਮੰਨਿਆ ਜਾਵੇਗਾ ਅਤੇ ਅਨੁਵਰਤੀ ਸਾਲ ਜਾਂ ਸਾਲਾਂ ਵਿੱਚ ਇਨ੍ਹਾਂ ਰਾਖਵੀਆਂ ਖ਼ਾਲੀ ਆਸਾਮੀਆਂ ਨੂੰ ਭਰਨ ਤੇ ਪੰਜਾਹ ਪ੍ਰਤੀਸ਼ਤ ਦੀ ਉੱਚਤਮ ਹੱਦ, ਅਜਿਹੇ ਵਰਗ ਦੀ ਖ਼ਾਲੀ ਆਸਾਮੀਆਂ ਤੇ ਲਾਗੂ ਨਹੀਂ ਹੋਵੇਗੀ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੀਆਂ ਖ਼ਾਲੀ ਆਸਾਮੀਆਂ ਨੂੰ ਉਸ ਸਾਲ ਦੀਆਂ ਕੁੱਲ ਖਾਲੀ ਆਸਾਮੀਆਂ ਤੇ ਪੰਜਾਹ ਪ੍ਰਤੀਸ਼ਤ ਰਾਖਵੇਂਕਰਣ ਦੀ ਉੱਚਤਮ ਹੱਦ ਨਿਰਧਾਰਤ ਕਰਨ ਲਈ, ਉਸ ਸਾਲ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ ਦੇ ਨਾਲ ਨਹੀਂ ਗਿਣਿਆ ਜਾਵੇਗਾ ਜਿਸ ਸਾਲ ਵਿੱਚ ਉਨ੍ਹਾਂ ਨੂੰ ਭਰਿਆ ਜਾ ਰਿਹਾ ਹੈ।

(3) ਅਨੁਸੂਚਿਤ ਜਾਤੀਆਂ ਲਈ ਬੈਕਲਾਗ ਜਾਂ ਅੱਗੇ ਲਿਆਂਦੀਆਂ ਗਈਆਂ ਰਾਖਵੀਆਂ ਖਾਲੀ ਆਸਾਮੀਆਂ ਦੀ ਮਿੱਥਣਾ ਹਰੇਕ ਕਾਡਰ ਜਾਂ ਸੇਵਾ ਵਿੱਚ ਭਰੀਆਂ ਗਈਆਂ ਕੁੱਲ ਖਾਲੀ ਆਸਾਮੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤੀ ਜਾਵੇਗੀ।

ਰਾਖਵੀਆਂ ਖਾਲੀ ਆਸਾਮੀਆਂ ਦਾ ਅਣ-ਰਾਖਵਾਂਕਰਣ।

7. (1) ਕਿਸੇ ਅਦਾਰੇ ਵਿੱਚ ਕਿਸੇ ਨਿਯੁਕਤੀ ਅਥਾਰਟੀ ਦੁਆਰਾ ਕਿਸੇ ਰਾਖਵੀਂ ਖਾਲੀ ਆਸਾਮੀ ਨੂੰ ਅਣ-ਰਾਖਵਾਂਕਰਣ ਨਹੀਂ ਕੀਤਾ ਜਾਵੇਗਾ, ਜੋ ਸਿੱਧੀ ਭਰਤੀ ਜਾਂ ਤਰੱਕੀ ਦੁਆਰਾ ਭਰੀ ਜਾਣੀ ਹੈ। ਜੇ ਅਜਿਹੀ ਖਾਲੀ ਆਸਾਮੀ ਨੂੰ ਭਰਨ ਲਈ ਅਨੁਸੂਚਿਤ ਜਾਤੀਆਂ ਜਾਂ ਪੱਛੜੀਆਂ ਸ੍ਰੇਣੀਆਂ ਦਾ ਕੋਈ ਕਾਬਲ ਜਾਂ ਪਾਤਰ ਉਮੀਦਵਾਰ, ਜਿਹੀ ਕਿ ਸੂਰਤ ਹੋਵੇ, ਉਪਲੱਬਧ ਨਹੀਂ ਹੈ, ਤਾਂ ਅਜਿਹੀ ਸਥਿਤੀ ਵਿੱਚ, ਅਜਿਹੀ ਖਾਲੀ ਆਸਾਮੀ ਅਣ-ਭਰੀ ਰਹੇਗੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜੇ, ਜਨਤਕ ਹਿੱਤ ਵਿੱਚ, ਉਸ ਉਪ-ਧਾਰਾ ਵਿੱਚ ਹਵਾਲਾ ਦਿੱਤੀ ਕਿਸੇ ਵੀ ਖਾਲੀ ਆਸਾਮੀ ਨੂੰ ਭਰਨਾ ਜ਼ਰੂਰੀ ਸਮਝਿਆ ਜਾਂਦਾ ਹੈ, ਤਾਂ ਨਿਯੁਕਤੀ ਅਥਾਰਟੀ ਖਾਲੀ ਆਸਾਮੀ ਨੂੰ ਅਣ-ਰਾਖਵਾਂਕਰਣ ਕਰਨ ਲਈ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਨੂੰ ਭੇਜੇਗਾ। ਅਜਿਹੇ ਹਵਾਲੇ ਤੇ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਜੇ ਇਹ ਸੰਤੁਸ਼ਟ ਹੈ ਕਿ ਅਜਿਹਾ ਕਰਨਾ ਜ਼ਰੂਰੀ ਜਾਂ ਕਾਲਉਚਿਤ ਹੈ, ਲਿਖਤੀ ਹੁਕਮ ਦੁਆਰਾ, ਖਾਲੀ ਆਸਾਮੀ ਨੂੰ, ਇਸ ਸ਼ਰਤ ਦੇ ਤਾਬੇ ਕਿ ਇਸ ਤਰ੍ਹਾਂ ਅਣ-ਰਾਖਵਾਂ ਕੀਤੀ ਗਈ

ਖਾਲੀ ਆਸਾਮੀ ਨੂੰ ਬਾਅਦ ਵਿੱਚ ਇੱਕ ਅਣ-ਰਾਖਵੀਂ ਖਾਲੀ ਆਸਾਮੀ ਦੇ ਵਿਰੁੱਧ ਅੱਗੇ ਲਿਜਾਇਆ ਜਾਵੇਗਾ, ਅਣ-ਰਾਖਵਾਂ ਕਰ ਸਕੇਗਾ।

ਡੰਨ।

8. ਜੇ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੇ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਕਰਨ ਵਿੱਚ ਕੋਈ ਉਕਾਈ ਜਾਂ ਕੀਤੇ ਜਾਣ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਹ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਜਾਂ ਕਿਸੇ ਹੋਰ ਸੁਸੰਗਤ ਸੇਵਾ ਨਿਯਮਾਂ ਦੇ ਉਪਬੰਧਾਂ ਅਧੀਨ ਸਜ਼ਾਯੋਗ ਹੋਵੇਗਾ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

9. ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵੀ ਉਪਬੰਧ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

10. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਇਸ ਐਕਟ ਦੇ ਉਪਬੰਧਾਂ ਦੇ ਨਾਲ ਅਸੰਗਤ ਨਾ ਹੋਣ ਵਾਲੇ ਅਜਿਹੇ ਉਪਬੰਧ ਬਣਾ ਸਕੇਗੀ, ਜੋ ਉਸ ਨੂੰ ਉਸ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਇਸ ਧਾਰਾ ਅਧੀਨ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰੇਕ ਹੁਕਮ, ਇਸ ਦੇ ਕੀਤੇ ਜਾਣ ਤੋਂ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ ਰੱਖਿਆ ਜਾਵੇਗਾ।

ਸਲਾਨਾ ਰਿਪੋਰਟ ਪੇਸ਼ ਕਰਨਾ, ਹੋਰ ਰਿਕਾਰਡਾਂ, ਰੋਸਟਰ ਰਜਿਸਟਰ ਦੀ ਸਾਂਭ-ਸੰਭਾਲ ਅਤੇ ਉਸ ਤੇ ਨਿਰੀਖਣ ਕਰਨਾ।

11. (1) ਹਰੇਕ ਅਦਾਰਾ ਨਿਯੁਕਤੀ ਅਤੇ ਤਰੱਕੀਆਂ ਵਿੱਚ ਰਾਖਵੇਂਕਰਣ ਦੇ ਬਾਰੇ ਵਿੱਚ ਅਜਿਹੇ ਰਿਕਾਰਡ, ਰੋਸਟਰ ਰਜਿਸਟਰ ਜਾਂ ਦਸਤਾਵੇਜ਼, ਅਤੇ ਅਜਿਹੇ ਰੂਪ ਵਿੱਚ, ਜਿਵੇਂ ਕਿ ਮੁਕੱਰਰ ਕੀਤਾ ਜਾਵੇ, ਬਣਾਈ ਰੱਖੇਗਾ ਅਤੇ ਅੰਗਰੇਜ਼ੀ ਕੈਲੰਡਰ ਦੇ ਅਨੁਸਰ ਸ਼ੁਮਾਰ ਕੀਤੇ ਗਏ ਪੂਰਵਲੇ ਸਾਲ ਦੌਰਾਨ ਉਸ ਦੁਆਰਾ ਕੀਤੀਆਂ ਗਈਆਂ ਨਿਯੁਕਤੀਆਂ ਅਤੇ ਤਰੱਕੀਆਂ ਬਾਰੇ ਮੁਕੱਰਰ ਤਰੀਕੇ ਨਾਲ ਰਾਜ ਸਰਕਾਰ ਨੂੰ ਸਲਾਨਾ ਰਿਪੋਰਟ ਦੇਵੇਗਾ।

(2) ਰਾਜ ਸਰਕਾਰ ਦੁਆਰਾ ਇਸ ਦੇ ਨਮਿੱਤ ਅਧਿਕਾਰਤ ਕੋਈ ਅਧਿਕਾਰੀ, ਕਿਸੇ ਰਿਕਾਰਡ ਜਾਂ ਦਸਤਾਵੇਜ਼ਾਂ ਦਾ ਨਿਰੀਖਣ ਕਰ ਸਕੇਗਾ, ਜੋ ਕਿਸੇ ਅਦਾਰੇ ਦੁਆਰਾ ਕੀਤੀਆਂ ਗਈਆਂ ਨਿਯੁਕਤੀਆਂ ਅਤੇ ਤਰੱਕੀਆਂ ਦੇ ਸਬੰਧ ਵਿੱਚ ਰੱਖੇ ਜਾਂਦੇ ਹਨ।

(3) ਅਮਲਾ ਸ਼ਾਖਾ ਇੰਚਾਰਜ ਦਾ ਇਹ ਕਰਤੱਵ ਹੋਵੇਗਾ ਕਿ ਉਹ ਉਪ-ਧਾਰਾ (2) ਅਧੀਨ ਅਧਿਕਾਰਤ ਅਧਿਕਾਰੀ ਦੁਆਰਾ ਨਿਰੀਖਣ ਲਈ ਅਜਿਹੇ ਰਿਕਾਰਡ ਜਾਂ ਦਸਤਾਵੇਜ਼ ਪੇਸ਼ ਕਰੇ, ਅਤੇ ਅਜਿਹੀ ਸੂਚਨਾ ਦੇਵੇ ਜਾਂ ਅਜਿਹੀ

ਸਹਾਇਤਾ ਦੇਵੇ, ਜੋ ਉਸ ਲਈ ਇਸ ਐਕਟ ਅਧੀਨ ਆਪਣੇ ਕਾਜਕਾਰਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਹੋਵੇ।

ਨਿਯਮ ਬਣਾਉਣ ਦੀ ਸ਼ਕਤੀ।

12. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਧਾਰਾ 4 ਦੀ ਉਪ-ਧਾਰਾ (6) ਅਧੀਨ ਨਿਰੰਤਰ ਰੋਸਟਰ ਦਾ ਫਾਰਮ ਮੁਕੱਰਰ ਕਰਨਾ;

(ਅ) ਉਹ ਫ਼ਾਰਮ ਮੁਕੱਰਰ ਕਰਨਾ ਜਿਸ ਵਿੱਚ ਹਰੇਕ ਅਦਾਰੇ ਦੁਆਰਾ ਧਾਰਾ 11 ਦੀ ਉਪ-ਧਾਰਾ (1) ਅਧੀਨ ਰਿਕਾਰਡ, ਰੋਸਟਰ ਰਜਿਸਟਰ ਜਾਂ ਦਸਤਾਵੇਜ਼ ਰੱਖੇ ਜਾਣੇ ਹਨ;

(ੲ) ਉਹ ਤਰੀਕਾ ਮੁਕੱਰਰ ਕਰਨਾ ਜਿਸ ਵਿੱਚ ਹਰੇਕ ਅਦਾਰੇ ਦੁਆਰਾ ਕੀਤੀਆਂ ਗਈਆਂ ਨਿਯੁਕਤੀਆਂ ਅਤੇ ਤਰੱਕੀਆਂ ਬਾਰੇ ਸਲਾਨਾ ਰਿਪੋਰਟ ਧਾਰਾ 11 ਦੀ ਉਪ-ਧਾਰਾ (1) ਅਧੀਨ ਬਣਾਈ ਅਤੇ ਪੇਸ਼ ਕੀਤੀ ਜਾਣੀ ਹੈ; ਅਤੇ

(ਸ) ਕੋਈ ਹੋਰ ਮਾਮਲਾ, ਜੋ ਮੁਕੱਰਰ ਕੀਤਾ ਜਾਣਾ ਲੋੜੀਂਦਾ ਹੈ ਜਾਂ ਕੀਤਾ ਜਾ ਸਕਦਾ ਹੈ।

ਪਰਮ ਪ੍ਰਭਾਵੀ ਹੋਣਾ।

13. ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ, ਜਾਂ ਕਿਸੇ ਅਦਾਲਤ ਜਾਂ ਕਿਸੇ ਅਥਾਰਟੀ ਦੇ ਕਿਸੇ ਨਿਰਣੇ, ਡਿਗਰੀ, ਹੁਕਮ ਜਾਂ ਫ਼ੈਸਲੇ ਵਿੱਚ ਦਰਜ ਕਿਸੇ ਵੀ ਉਲਟ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧ ਪ੍ਰਭਾਵੀ ਹੋਣਗੇ।

ਬਚਾਉ।

14. ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਰਾਜ ਸਰਕਾਰ ਦੁਆਰਾ ਰਾਖਵਾਂਕਰਣ ਨੀਤੀ ਦਾ ਪਰਿਪਾਲਣ ਕਰਨ ਲਈ ਜਾਰੀ ਕੀਤੀਆਂ ਗਈਆਂ ਕਿਸੇ ਵੀ ਹਦਾਇਤਾਂ ਦੇ ਅਨੁਸਰਣ ਵਿੱਚ ਕੀਤੀ ਗਈ ਕਿਸੇ ਗੱਲ ਜਾਂ ਕੀਤੀ ਗਈ ਕਾਰਵਾਈ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3598/12-2025/Pb. Govt. Press, S.A.S. Nagar*